**ਰੋਜ਼ਗਾਰ ਵਾਲੀ ਥਾਂ ਵਿਖੇ ਵਿਤਕਰਾ**

# ਆਰਜ਼ੀ ਅਤੇ ਕੱਚੇ ਕਾਮੇ

ਓਨਟੇਰੀਓ ਦੇ *ਹਿਊਮਨ ਰਾਈਟਸ ਕੋਡ* ਤਹਿਤ ਹਰ ਵਿਅਕਤੀ ਨੂੰ ਰੋਜ਼ਗਾਰ ਵਾਲੀ ਜਗ੍ਹਾ 'ਤੇ ਨਸਲ, ਵੰਸ਼, ਕਿਸ ਮੂਲ ਜਗ੍ਹਾ ਤੋਂ ਆਏ ਹੋ, ਸਿਟੀਜ਼ਨਸ਼ਿਪ, ਕੁਨਬਾ, ਲਿੰਗ, ਲਿੰਗੀ ਰੁਝਾਨ, ਅਪਾਹਜਤਾ, ਉਮਰ, ਸ਼ਾਦੀ-ਸ਼ੁਦਾ ਹੋਣ ਜਾਂ ਨਾ ਹੋਣ, ਪਰਿਵਾਰ ਵਾਲੇ ਹੋਣ ਜਾਂ ਨਾ ਹੋਣ, ਅਤੇ ਕੋਈ ਜ਼ੁਰਮ ਕੀਤੇ ਹੋਣ ਦਾ ਲੇਖਾ ਹੋਣ ਕਰ ਕੇ ਵਿਤਕਰਾ-ਰਹਿਤ ਬਰਾਬਰੀ ਵਾਲਾ ਸਲੂਕ ਹਾਸਲ ਕਰਨ ਦਾ ਹੱਕ ਹੈ।

**ਕੀ ਤੁਸੀਂ ਸੁਰੱਖਿਅਤ ਹੋ?**

*ਹਿਊਮਨ ਰਾਈਟਸ ਕੋਡ* ਤਹਿਤ ਤੁਹਾਨੂੰ ਬਿਨਾ ਕਿਸੇ ਵਿਤਕਰੇ ਜਾਂ ਤੰਗ-ਪ੍ਰੇਸ਼ਾਨ ਕੀਤੇ ਜਾਣ ਦੇ ਰੋਜ਼ਗਾਰ ਦਾ ਹੱਕ ਹੈ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਆਰਜ਼ੀ ਕਾਮੇ ਹੋ, ਕਿਸੇ ਏਜੰਸੀ ਰਾਹੀਂ ਪਾਰਟ-ਟਾਈਮ ਕੰਮ ਕਰਨ ਵਾਲੇ ਹੋ, ਠੇਕੇ 'ਤੇ ਕੰਮ ਕਰਦੇ ਹੋ, ਆਜ਼ਾਦ ਠੇਕੇਦਾਰ ਹੋ ਜਾਂ ਇੱਥੋਂ ਤਕ ਕਿ ਸਵੈ-ਸੇਵਕ ਹੋ। ਜਦੋਂ ਤੁਸੀਂ ਕੰਮ ਕਰ ਰਹੇ ਹੋ ਉਦੋਂ ਤੁਹਾਡੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਜਾਂ ਤੁਹਾਨੂੰ ਤੰਗ ਪ੍ਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ। ਰੋਜ਼ਗਾਰਦਾਤਾ ਇਹ ਕਹਿਣ ਨਾਲ ਹੀ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਜਾਂਦੇ ਕਿ ਰੋਜ਼ਗਾਰਦਾਤਾ ਤੁਸੀਂ ਖੁਦ ਆਪ ਹੀ ਹੋ। *ਕੋਡ* ਵਿੱਚ ਦੱਸਿਆ ਗਿਆ ਹੈ ਕਿ ਕਿਸ-ਕਿਸ ਨੂੰ *ਐਮਪਾਇਮੈਂਟ ਸਟੈਂਡਰਡਜ਼ ਐਕਟ* ਵਰਗੇ ਕਾਨੂੰਨਾਂ ਅਧੀਨ "ਕਰਮਚਾਰੀ" ਕਿਹਾ ਜਾ ਸਕਦਾ ਹੈ।

**ਕੰਮ ਦੇ ਸਮੇਂ ਤੋਂ ਬਾਅਦ ਹਿਫਾਜ਼ਤ**

*ਕੋਡ* ਅਧੀਨ ਮੁਹੱਈਆ ਕੀਤੀਆਂ ਹਿਫਾਜ਼ਤਾਂ ਕਰਮਚਾਰੀਆਂ ਨੂੰ ਕੰਮ-ਕਾਜ ਦੇ ਸਮੇਂ ਤੋਂ ਬਾਅਦ ਵੀ ਮਿਲਦੀਆਂ ਹਨ ਭਾਵੇਂ ਉਹ ਰੋਜ਼ਗਾਰ ਵਾਲੀ ਥਾਂ 'ਤੇ ਨਾ ਵੀ ਹੋਣ। ਮਿਸਾਲ ਵਜੋਂ, ਜੇ ਤੁਹਾਨੂੰ ਰੋਜ਼ਗਾਰ ਵਾਲੀ ਥਾਂ ਤੋਂ ਬਾਹਰ ਕਿਸੇ ਮੀਟਿੰਗ 'ਤੇ ਤੁਹਾਡੇ ਕੰਮ ਦੇ ਮਾਲਕ ਵੱਲੋਂ ਜਿਨਸੀ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਤਾਂ ਤੁਹਾਨੂੰ ਫਿਰ ਵੀ ਹਿਫਾਜ਼ਤ ਮੁਹੱਈਆ ਕੀਤੀ ਜਾਂਦੀ ਹੈ।

**ਘਰੇਲੂ ਕਾਮੇ**

ਜਿਨ੍ਹਾਂ ਵਿਅਕਤੀਆਂ ਨੂੰ ਕਿਸੇ ਹੋਰ ਵਿਅਕਤੀ ਦੇ ਘਰ ਅੰਦਰ ਜਾਂ ਆਲੇ-ਦੁਆਲੇ ਰੋਜ਼ਗਾਰ 'ਤੇ ਰੱਖਿਆ ਜਾਂਦਾ ਹੈ, ਜਿਵੇਂ ਬੱਚਿਆਂ ਦੀ ਸੰਭਾਲ ਵਾਲੀ ਔਰਤ, ਰਸੋਈਆ, ਸਫਾਈ-ਸੇਵਕ ਜਾਂ ਮਾਲੀ, ਉਨ੍ਹਾਂ ਨੂੰ ਵੀ *ਕੋਡ* ਤਹਿਤ ਸੁਰੱਖਿਆ ਮੁਹੱਈਆ ਕੀਤੀ ਜਾਂਦੀ ਹੈ।

**ਰੋਜ਼ਗਾਰ 'ਤੇ ਕਿੰਨਾ ਸਮਾਂ ਰਹੇ ਹੋ ਅਤੇ ਰੋਜ਼ਗਾਰ 'ਤੇ ਭਰਤੀ ਕਰਨ ਦੀ ਕਾਰਵਾਈ**

*ਕੋਡ* ਵੱਲੋਂ ਇਸ ਗੱਲ ਦੀ ਪਰਵਾਹ ਕੀਤੇ ਬਿਨਾ ਆਰਜ਼ੀ ਅਤੇ ਕੱਚੇ ਕਰਮਚਾਰੀਆਂ ਦੀ ਹਿਫਾਜ਼ਤ ਕੀਤੀ ਜਾਂਦੀ ਹੈ ਕਿ ਉਹ ਕਿੰਨੀ ਦੇਰ ਤੋਂ ਕਿਸੇ ਅਦਾਰੇ ਲਈ ਕੰਮ ਕਰ ਰਹੇ ਹਨ ਜਾਂ ਕਿਸ ਤਰ੍ਹਾਂ ਦੀ ਨੌਕਰੀ ਕਰ ਰਹੇ ਹਨ। ਮਿਸਾਲ ਵਜੋਂ, ਜੇ ਤੁਹਾਨੂੰ ਪੰਜ ਦਿਨ ਲਈ ਕਿਸੇ ਇਮਾਰਤ ਦੀ ਸਫਾਈ ਕਰਨ ਦੇ ਕੰਮ 'ਤੇ ਰੱਖਿਆ ਜਾਂਦਾ ਹੈ, ਅਤੇ ਉਸ ਸਮੇਂ ਦੌਰਾਨ ਤੁਹਾਡੇ ਮਨੁੱਖੀ ਹੱਕਾਂ ਦੀ ਉਲੰਘਣਾ ਹੋਈ ਹੈ, ਤੁਹਾਨੂੰ *ਕੋਡ* ਤਹਿਤ ਹਿਫਾਜ਼ਤ ਮਿਲੇਗੀ। ਜਦੋਂ ਤੁਹਾਨੂੰ ਰੋਜ਼ਗਾਰ ਲਈ ਭਰਤੀ ਦੌਰਾਨ ਕਿਸੇ ਆਰਜ਼ੀ ਤੋਂ ਪੱਕੀ ਅਸਾਮੀ 'ਤੇ ਰੱਖਿਆ ਜਾਂਦਾ ਹੈ, ਉਸ ਵੇਲੇ ਵੀ ਹਿਫਾਜ਼ਤ ਮਿਲਦੀ ਹੈ।

**ਦਰਖਾਸਤਾਂ ਦੇ ਫਾਰਮ ਅਤੇ ਇੰਟਰਵਿਊਆਂ**

ਇਹ ਗੱਲ ਤੁਹਾਨੂੰ ਪੁੱਛੀ ਜਾ ਸਕਦੀ ਹੈ ਕਿ "ਕੀ ਤੁਸੀਂ ਕਾਨੂੰਨੀ ਤੌਰ 'ਤੇ ਕੈਨੇਡਾ ਵਿੱਚ ਰੋਜ਼ਗਾਰ ਦੇ ਹੱਕਦਾਰ ਹੋ"। ਇਸ ਤੋਂ ਇਲਾਵਾ ਰੋਜ਼ਗਾਰਦਾਤਾ ਨੂੰ *ਕੋਡ* ਵਿਚਲੀਆਂ ਖਾਸੀਅਤਾਂ ਸੰਬੰਧੀ ਤੁਹਾਡੇ ਤੋਂ ਸਵਾਲ ਨਹੀਂ ਪੁੱਛਣੇ ਚਾਹੀਦੇ। ਤੁਹਾਡੇ ਰੋਜ਼ਗਾਰਦਾਤਾ ਨੂੰ ਤੁਹਾਡੇ ਤੋਂ ਫੋਟੋਆਂ ਨਹੀਂ ਮੰਗਣੀਆਂ ਚਾਹੀਦੀਆਂ, ਇਹ ਨਹੀਂ ਪੁੱਛਣਾ ਚਾਹੀਦਾ ਕਿ ਤੁਹਾਡਾ ਜਨਮ ਕਿੱਥੇ ਹੋਇਆ ਸੀ, ਤੁਹਾਡਾ ਇਮੀਗ੍ਰੇਸ਼ਨ ਰੁਤਬਾ ਕੀ ਹੈ, ਤੁਹਾਡੀ ਜਨਮ ਤਾਰੀਖ, ਤੁਹਾਡੀਆਂ ਜਿਸਮਾਨੀ ਖਾਸੀਅਤਾਂ ਕੀ ਹਨ ਜਾਂ ਤੁਸੀਂ ਕਿਸ "ਕਮਿਊਨਿਟੀ" ਵਿੱਚੋਂ ਹੋ।

**ਅਜ਼ਮਾਇਸ਼ੀ ਸਮਾਂ**

ਅਜ਼ਮਾਇਸ਼ੀ ਸਮੇਂ ਜਾਂ ਪ੍ਰੋਬੇਸ਼ਨ ਦੌਰਾਨ ਵੀ ਕਰਮਚਾਰੀਆਂ ਨੂੰ ਵਿਤਕਰੇ ਜਾਂ ਨੌਕਰੀ ਤੋਂ ਕੱਢੇ ਜਾਣ ਤੋਂ ਹਿਫਾਜ਼ਤ ਦਿੱਤੀ ਜਾਂਦੀ ਹੈ। *ਕੋਡ* ਮੁਤਾਬਕ ਰੋਜ਼ਗਾਰਦਾਤਾ ਨੂੰ ਤੁਹਾਡਾ ਕੰਮ-ਕਾਜ ਤੁਹਾਡੀਆਂ ਖਾਸ ਲੋੜਾਂ ਮੁਤਾਬਕ ਢਾਲਣਾ ਵੀ ਪੈ ਸਕਦਾ ਹੈ ਜੇ ਉਹ ਖਾਸ ਲੋੜਾਂ *ਕੋਡ* ਤਹਿਤ ਕਿਸੇ ਹੱਕ ਨਾਲ ਸੰਬੰਧਤ ਹੋਣ। ਇਨਾਂ ਖਾਸ ਲੋੜਾਂ ਦਾ ਸੰਬੰਧ ਕਿਸੇ ਅਪਾਹਤਾ ਨਾਲ ਜਾਂ ਇਸ ਗੱਲ ਨਾ ਹੋ ਸਕਦਾ ਹੈ ਕਿ ਤੁਸੀਂ ਇੱਕ ਇਕੱਲੇ ਰਹਿਣ ਵਾਲੇ ਮਾਤਾ/ਪਿਤਾ ਹੋ। ਮਿਸਾਲ ਵਜੋਂ, ਜੇ ਤੁਹਾਨੂੰ ਉੱਚਾ ਸੁਣਦਾ ਹੈ ਤਾਂ ਰੋਜ਼ਗਾਰਦਾਤਾ ਲਈ ਆਪਣੇ ਦਫਤਰ ਵਿਖੇ ਤੁਹਾਡੇ ਲਈ ਕਿਸੇ ਫ਼ੋਨ ਉੱਤੇ ਐਂਪਲੀਫਾਇਰ ਲਾਉਣਾ ਲਾਜ਼ਮੀ ਹੋਵੇਗਾ।

**ਕੋਡ ਤਹਿਤ ਇਕਰਾਰਨਾਮੇ ਵੀ ਸੁਰੱਖਿਅਤ ਕੀਤੇ ਜਾਂਦੇ ਹਨ**

*ਕੋਡ* ਤਹਿਤ ਇਕਰਾਰਨਾਮੇ ਵੀ ਸੁਰੱਖਿਅਤ ਹਨ। ਠੇਕਾ ਕਿਸੇ ਅਜਿਹੇ ਜ਼ੁਬਾਨੀ ਜਾਂ ਲਿਖਤੀ ਇਕਰਾਰਨਾਮੇ ਨੂੰ ਕਿਹਾ ਜਾਂਦਾ ਹੈ ਜੋ ਕਾਨੂੰਨ ਤਹਿਤ ਸੁਰੱਖਿਅਤ ਹੋਵੇ। ਰੋਜ਼ਗਾਰ ਨਾਲ ਸੰਬੰਧਤ ਕੋਈ ਵੀ ਸ਼ਰਤਾਂ, ਜਿਵੇਂ ਤਨਖ਼ਾਹ ਜਾਂ ਕੰਮ ਦੇ ਘੰਟੇ, ਜਿਨਾਂ ਬਾਰੇ ਤੁਸੀਂ ਆਪਣੇ ਰੋਜ਼ਗਾਰਦਾਤਾ ਨਾਲ ਵਿਚਾਰ ਕਰਦੇ ਹੋ, ਉਨਾਂ ਨੂੰ ਇਕਰਾਰਨਾਮਾ ਕਿਹਾ ਜਾਂਦਾ ਹੈ। *ਕੋਡ* ਹਰ ਤਰ੍ਹਾਂ ਦੇ ਇਕਰਾਰਨਾਮਿਆਂ ਉੱਤੇ ਲਾਗੂ ਹੁੰਦਾ ਹੈ, ਸਮੇਤ ਉਨਾਂ ਦੇ ਜਿਹੜੇ ਖ਼ੁਦਮੁਖਤਿਆਰ ਠੇਕੇਦਾਰਾਂ ਅਤੇ ਉਪ-ਠੇਕੇਦਾਰਾਂ ਨਾਲ ਹੋਏ ਹੋਣ। ਕੋਈ ਵੀ ਵਿਅਕਤੀ ਜੋ ਕਾਨੂੰਨੀ ਤੌਰ 'ਤੇ ਕੋਈ ਇਕਰਾਰਨਾਮਾ ਕਰ ਸਕਦਾ ਹੈ, ਉਸ ਨੂੰ *ਕੋਡ* ਵਿੱਚ ਦੱਸੇ ਆਧਾਰਾਂ ਵਿੱਚੋਂ ਕਿਸੇ 'ਤੇ ਵੀ ਆਧਾਰਤ ਵਿਤਕਰੇ ਦਾ ਸਾਮ੍ਹਣਾ ਕੀਤੇ ਬਗੈਰ ਇਕਰਾਰਨਾਮਾ ਕਰਨ ਦਾ ਹੱਕ ਹੈ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਨੋਟ ਲਿਖੋ – ਵੇਰਵਿਆਂ ਦੀ ਅਹਿਮੀਅਤ ਹੁੰਦੀ ਹੈ।
- ਕੋਈ ਵੀ ਅਜਿਹੀ ਚੀਜ਼ ਲਿਖ ਲਓ ਜਿਹੜੀ ਤੁਹਾਡੇ ਦਾਅਵੇ ਦੀ ਹਿਮਾਇਤ ਕਰੇ – ਜਿਵੇਂ ਕੋਈ ਇਰਾਰਨਾਮਾ ਜਾਂ ਕੋਈ ਈਮੇਲ।
- ਕੋਈ ਗਵਾਹ ਹਨ? ਕੀ ਹੋਰਨਾ ਨਾਲ ਵੀ ਵਿਤਕਰਾ ਹੋ ਰਿਹਾ ਹੈ ਜਾਂ ਉਨਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ? ਉਨ੍ਹਾਂ ਵਿਅਕਤੀਆਂ ਨਾਲ ਗੱਲ ਕਰੋ ਜਿਨ੍ਹਾਂ 'ਤੇ ਤੁਹਾਨੂੰ ਭਰੋਸਾ ਹੈ।
- ਜੇ ਤੁਸੀਂ ਆਪਣੇ ਰੋਜ਼ਗਾਰਦਾਤਾ ਨਾਲ ਗੱਲ ਕੀਤੀ ਹੈ, ਤਾਂ ਲਿਖ ਲਓ ਕਿ ਉਨ੍ਹਾਂ ਨੇ ਕੀ ਕੀਤਾ ਅਤੇ ਕੀ ਨਹੀਂ ਕੀਤਾ – ਹੋ ਸਕਦਾ ਹੈ ਉਨ੍ਹਾਂ 'ਤੇ ਵੀ ਜ਼ਿੰਮੇਵਾਰੀ ਪਵੇ।

**ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ?**

**ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ**

ਜੇ ਤੁਹਾਡੇ ਨਾਲ ਵਿਤਕਰਾ ਹੋਇਆ ਹੋਵੇ ਅਤੇ ਤੁਹਾਨੂੰ ਹਿਊਮਨ ਰਾਈਟਸ ਟ੍ਰਿਬਿਊਨਲ ਆਫ ਓਨਟੇਰੀਓ ਵਿਖੇ ਦਰਖਾਸਤ ਦੇਣ ਲਈ ਮੁਫਤ ਕਾਨੂੰਨੀ ਮਦਦ ਦੀ ਲੋੜ ਹੈ; ਜਾਂ *ਹਿਊਮਨ ਰਾਈਟਸ ਕੋਡ* ਤਹਿਤ ਵਿਤਕਰੇ ਦੇ ਕਿਸੇ ਮੁੱਦੇ ਦੇ ਹੱਲ ਲਈ ਕਾਨੂੰਨੀ ਮਸ਼ਵਰਾ ਚਾਹੀਦਾ ਹੈ ਤਾਂ ਲੀਗਲ ਸੈਂਟਰ ਨਾਲ ਸੰਪਰਕ ਕਰੋ।

ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ
400 ਯੂਨੀਵਰਸਿਟੀ ਐਵੇਨਿਊ
ਟੋਰੰਟੋ, ਓਨਟੇਰੀਓ, M7A 1X8
ਫ਼ੋਨ: (416) 314-6266                ਟੋਲ-ਫ੍ਰੀ: 1-866-625-5179
ਟੀ.ਟੀ.ਆਈ.: (416) 314-6651        ਟੀ.ਟੀ.ਵਾਈ. ਟੋਲ-ਫ੍ਰੀ: 1-866 612-8627
www.hrlsc.on.ca

ਜੇ ਤੁਸੀਂ ਖ਼ੁਦ ਆ ਕੇ ਗੱਲਬਾਤ ਕਰਨਾ ਚਾਹੋਂਗੇ, ਤੁਹਾਨੂੰ ਚਾਹੀਦਾ ਹੈ ਕਿ ਸਾਡੇ ਨਾਲ ਉਪ੍ਰੋਕਤ ਨੰਬਰਾਂ 'ਤੇ ਸੰਪਰਕ ਕਰੋ। ਜੇ ਤੁਸੀਂ ਗ੍ਰੇਟਰ ਟੋਰੰਟੋ ਏਰੀਆ ਤੋਂ ਬਾਹਰ ਰਹਿੰਦੇ ਹੋਵੋਂ, ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਡੇ ਨਾਲ ਇਸ ਬਾਰੇ ਵਿਚਾਰ ਕਰਾਂਗੇ ਕਿ ਤੁਹਾਡੀਆਂ ਲੋੜਾਂ ਕਿਵੇਂ ਪੂਰੀਆਂ ਕਰਨੀਆਂ ਹਨ। ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਤੁਹਾਨੂੰ ਤੁਹਾਡੀ ਕਮਿਊਨਿਟੀ ਵਿੱਚ ਹੀ ਢੁਕਵੀਂ ਸੇਵਾ ਪੇਸ਼ ਕੀਤੀ ਜਾਵੇ। ਅਸੀਂ 140 ਬੋਲੀਆਂ ਵਿੱਚ ਸੇਵਾਵਾਂ ਪ੍ਰਦਾਨ ਕਰਦੇ ਹਾਂ।

---

**ਵਰਕਰਜ਼ ਐਕਸ਼ਨ ਸੈਂਟਰ**

ਵਰਕਰਜ਼ ਐਕਸ਼ਨ ਸੈਂਟਰ ਕਾਮਿਆਂ 'ਤੇ ਆਧਾਰਿਤ ਇੱਕ ਜੱਥੇਬੰਦੀ ਹੈ ਜੋ ਘੱਟ ਤਨਖਾਹਾਂ ਵਾਲੇ ਅਤੇ ਅਸਥਿਰ ਰੋਜ਼ਗਾਰ ਦੀ ਹਾਲਤ ਵਾਲੇ ਲੋਕਾਂ ਦੇ ਜੀਵਨ ਅਤੇ ਕੰਮ-ਕਾਜ ਦੇ ਹਾਲਾਤ ਸੁਧਾਰਨ ਲਈ ਯਤਨਸ਼ੀਲ ਹੈ। ਅਸੀਂ ਇਹ ਗੱਲ ਪੱਕੀ ਕਰਨਾ ਚਾਹੁੰਦੇ ਹਾਂ ਕਿ ਰੋਜ਼ਗਾਰ ਵਾਲੀ ਥਾਂ 'ਤੇ ਕਰਮਚਾਰੀਆਂ ਦੀ ਆਵਾਜ਼ ਬੁਲੰਦ ਹੋਵੇ ਅਤੇ ਉਨ੍ਹਾਂ ਨਾਲ ਆਦਰ-ਮਾਣ ਸਹਿਤ ਪੇਸ਼ ਹੋਇਆ ਜਾਵੇ।

ਵਰਕਰਜ਼ ਐਕਸ਼ਨ ਸੈਂਟਰ
720 ਸਪਡਾਈਨਾ ਐਵੇਨਿਊ, ਸੁਈਟ 223
ਟੋਰੰਟੋ, ਓਨਟੇਰੀਓ M5S 2T9
ਫ਼ੋਨ: (416) 531-0778
ਫ਼ੈਕਸ: (416) 533-0107
ਈਮੇਲ: info-AT-workersactioncentre.org
http://www.workersactioncentre.org